# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ: ਸਿੱ:) ਪੰਜਾਬ
## ਅਮਲਾ - 2 ਸ਼ਾਖਾ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐਲੀ: ਸਿੱ:/ ਸੈ: ਸਿੱ:)
ਪੰਜਾਬ।
ਮੀਮੋ ਨੰ: 19/4-2010ਅਮਲਾ-2(4,8)
ਮਿਤੀ: ਐਸ.ਏ.ਐਸ. ਨਗਰ; 04-11-2015

ਵਿਸ਼ਾ: ਜੇਬੀਟੀ/ਈਟੀਟੀ ਅਤੇ ਸੀਐਂਡਵੀ ਕਾਡਰ ਤੋਂ ਮਾਸਟਰ ਕਾਡਰ ਵਿੱਚ ਤਰੱਕੀਆਂ ਸਬੰਧੀ ਪ੍ਰਾਪਤ ਕੇਸਾਂ ਵਿਚਲੇ ਇਤਰਾਜਾਂ ਦੀ ਪੂਰਤੀ ਸਬੰਧੀ

ਹਵਾਲਾ ਪੱਤਰ ਨੰ: ਇਸ ਦਫਤਰ ਦੇ ਪੱਤਰ ਨੰ: 19/4-2010ਅਮਲਾ-2(4,8) ਮਿਤੀ 05-02-2014 ਅਤੇ 11-02-2014 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਹਵਾਲਾ ਅਧੀਨ ਪੱਤਰਾਂ ਰਾਹੀਂ ਜੇਬੀਟੀ/ਈਟੀਟੀ ਅਤੇ ਸੀਐਂਡਵੀ ਕਾਡਰ ਤੋਂ ਮਾਸਟਰ ਕਾਡਰ ਵਿੱਚ ਤਰੱਕੀਆਂ ਸਬੰਧੀ ਕੇਸ ਮੰਗੇ ਗਏ ਸਨ ਪ੍ਰੰਤੂ ਬਾਰ-ਬਾਰ ਲਿਖੇ ਜਾਣ ਦੇ ਬਾਵਜੂਦ ਇਹਨਾਂ ਇਤਰਾਜਾਂ ਦੀ ਮੁਕੰਮਲ ਰੂਪ ਵਿੱਚ ਪੂਰਤੀ ਨਹੀਂ ਕੀਤੀ ਗਈ। ਹਵਾਲਾ ਅਧੀਨ ਪੱਤਰਾਂ ਰਾਹੀਂ ਇਹ ਸਪੱਸ਼ਟ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਤਰੱਕੀ ਲਈ ਭੇਜੇ ਜਾਣ ਵਾਲੇ ਅਧਿਆਪਕਾਂ ਦੇ ਕੇਸ ਹਵਾਲਾਂ ਅਧੀਨ ਪੱਤਰਾਂ ਅਨੁਸਾਰ ਹੀ ਵਿੱਦਿਅਕ ਯੋਗਤਾਵਾਂ ਅਤੇ ਰੈਗੂਲਰ ਹੋਣ ਸਬੰਧੀ ਯੋਗਤਾਵਾਂ ਦੀ ਕੱਟ-ਆਫ ਡੇਟ(21—2-14) ਤੱਕ ਹੀ ਸਾਰੇ ਕੇਸ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ ਸਿੱਖਿਆ/ਸੈਕੰਡਰੀ ਸਿੱਖਿਆ) ਵੱਲੋਂ ਮੁਕੰਮਲ ਰੂਪ ਵਿੱਚ ਭੇਜੇ ਜਾਣ। ਪ੍ਰੰਤੂ ਕੇਸਾਂ ਨੂੰ ਘੋਖਣ ਉਪਰੰਤ ਇਹ ਧਿਆਨ ਵਿੱਚ ਆਇਆ ਹੈ ਕਿ ਨਿਮਨ ਲਿਖਤ ਅਨੁਸਾਰ ਕੇਸਾਂ ਵਿੱਚ ਤਰੁੱਟੀਆਂ/ਕਮੀਆਂ ਦੂਰ ਨਹੀਂ ਕੀਤੀਆਂ ਗਈਆਂ। ਜਿਸ ਕਾਰਨ ਉਪਰੋਕਤ ਤਰੱਕੀਆਂ ਦੀ ਪ੍ਰਕਿਰਿਆ ਨੇਪਰੇ ਚਾੜਨ ਵਿੱਚ ਮੁਸ਼ਕਿਲ ਆ ਰਹੀ ਹੈ। ਇਹਨਾਂ ਤਰੁੱਟੀਆਂ/ਕਮੀਆਂ ਨੂੰ ਦੂਰ ਕਰਨ ਉਪਰੰਤ ਮੁਕੰਮਲ ਕੇਸ ਮਿਤੀ 09-11-2015 ਤੱਕ ਵਿਸ਼ੇਸ਼ ਹਰਕਾਰੇ ਰਾਹੀਂ ਸਹਾਇਕ ਡਾਇਰੈਕਟਰ (ਸ:ਪ੍ਰ:-2) ਜੀ ਦੇ ਦਫਤਰੀ ਕਮਰੇ ਵਿੱਚ ਪੁੱਜਦੇ ਕੀਤੇ ਜਾਣ। ਸਮੇਂ ਸਿਰ ਕੇਸ ਨਾ ਪ੍ਰਾਪਤ ਹੋਣ ਦੀ ਸੂਰਤ ਵਿੱਚ ਨਿਰੋਲ ਜਿੰਮੇਵਾਰੀ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ।

1. ਜ਼ਿਲ੍ਹਾ ਸੀਨੀਆਰਤਾ ਨੰ:/ਅਸਲ ਪ੍ਰਤੀ ਹਸਤਾਖਰ ਏਸੀਆਰ/ਪਰਖ ਸਮਾਂ ਆਦਿ ਜਾਂ ਹੋਰ ਕਿਸੇ ਵੀ ਤਰਾਂ ਦੇ ਇਤਰਾਜਾਂ ਦੀ ਪੂਰਤੀ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ ਸਿੱਖਿਆ/ਸੈਕੰਡਰੀ ਸਿੱਖਿਆ) ਪੱਧਰ ਤੇ ਕਰਨ ਉਪਰੰਤ ਹੀ ਇਸ ਦਫਤਰ ਨੂੰ ਭੇਜੀ ਜਾਵੇ ਕਿਉਂਕਿ ਉਪਰੋਕਤ ਸਾਰੇ ਅਧਿਆਪਕ ਜ਼ਿਲ੍ਹਾ ਕਾਡਰ ਨਾਲ ਸਬੰਧਿਤ ਹਨ।
2. ਉਪਰੋਕਤ ਹਵਾਲਾ ਅਧੀਨ ਪੱਤਰਾਂ ਵਿੱਚ ਦਰਸਾਏ ਗਏ ਅਨੁਸਾਰ ਕੱਟ-ਆਫ ਡੇਟ ਤੱਕ ਯੋਗਤਾਵਾਂ ਪੂਰੀਆਂ ਕਰਦੇ ਜੇਕਰ ਕਿਸੇ ਕਰਮਚਾਰੀ ਦਾ ਕੇਸ ਪੈਂਡਿੰਗ ਰਹਿ ਗਿਆ ਹੈ ਤਾਂ ਇਸ ਸਬੰਧੀ ਜਿੰਮੇਵਾਰੀ ਫਿਕਸ ਕਰਨ ਉਪਰੰਤ ਸਪੱਸ਼ਟੀਕਰਨ ਸਹਿਤ ਇਸਦੀ ਜਾਣਕਾਰੀ ਇਸ ਦਫਤਰ ਨੂੰ ਤੁਰੰਤ ਭੇਜੀ ਜਾਵੇ।
3. ਕੱਟ-ਆਫ ਡੇਟ ਤੋਂ ਬਾਦ ਯੋਗਤਾਵਾਂ ਪੂਰੀਆਂ ਕਰਨ ਵਾਲੇ ਕਿਸੇ ਅਧਿਆਪਕ ਦਾ ਕੇਸ ਦਫਤਰ ਨੂੰ ਨਾ ਭੇਜਣ ਬਾਰੇ ਪਹਿਲਾਂ ਹੀ ਲਿਖਿਆ ਜਾ ਚੁੱਕਾ ਹੈ।

ਨੱਥੀ : ਇਤਰਾਜਾਂ ਦੀ ਸੂਚੀ

4/11/2015

(ਬਲਜਿੰਦਰ ਸਿੰਘ)
ਸਹਾਇਕ ਡਾਇਰੈਕਟਰ (ਸ:ਪ੍ਰ:-2)

ਪਿੱਠ ਅੰਕਣ ਨੰਬਰ: ਉਕਤ ਮਿਤੀ :

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ

1. ਡਾਇਰੈਕਟਰ ਸਿੱਖਿਆ ਵਿਭਾਗ (ਐਲੀ: ਸਿੱ:) ਪੰਜਾਬ, ਐਸ.ਏ.ਐਸ ਨਗਰ
2. ਮੰਡਲ ਸਿੱਖਿਆ ਅਫਸਰ ਨਾਭਾ/ਜਲੰਧਰ/ਫਰੀਦਕੋਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਿਸ਼ਾ ਦਰਜ ਸੂਚਨਾ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਤਾਲਮੇਲ ਕਰਕੇ ਮਿੱਥੇ ਸਮੇਂ ਦੇ ਅੰਦਰ-ਅੰਦਰ ਮੁਕੰਮਲ ਕਰਵਾ ਕੇ ਭਿਜਵਾਈ ਜਾਵੇ।

(ਬਲਜਿੰਦਰ ਸਿੰਘ)
ਸਹਾਇਕ ਡਾਇਰੈਕਟਰ (ਸ:ਪ੍ਰ:-2)